**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ.ਪੀ.ਐਸ.ਬੀ/ਆਈ.ਟੀ/14/2412 ਮਿਤੀ: 10/11/2014

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਟੀਚਰ ਟ੍ਰੇਨਿੰਗ ਸੰਸਥਾਵਾਂ
ਪੰਜਾਬ ਰਾਜ ਅਧੀਨ।

ਵਿਸ਼ਾ: **ਆਈ.ਟੀ.ਆਈ ਸੰਸਥਾਵਾਂ ਵਿੱਚ ਸੈਸ਼ਨ ਅਗਸਤ/ਸਤੰਬਰ 2014 ਵਿੱਚ ਕਰਾਫਟਸਮੈਨ ਸਕੀਮ ਅਧੀਨ, ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਅਤੇ ਐਡਵਾਂਸ ਮਡੀਊਲ (ਛੇ ਮਹੀਨੇ ਦੇ ਕੋਰਸ) ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀਆਂ ਡਾਇਰੈਕਟੋਰੇਟ ਤੋਂ ਵੈਰੀਫਾਈਡ ਲਿਸਟਾਂ, ਰਜਿਸਟਰੇਸ਼ਨ ਫਾਰਮ ਅਤੇ ਰਜਿਸਟਰੇਸ਼ਨ ਫੀਸ, ਆਨਲਾਇਨ ਫੀਸ ਬੋਰਡ ਦਫਤਰ ਵਿਖੇ ਜਮਾਂ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦਸਿਆ ਜਾਂਦਾ ਹੈ ਕਿ ਅਗਸਤ/ਸਤੰਬਰ 2014 ਵਿੱਚ ਕਰਾਫਟਸਮੈਨ ਸਕੀਮ ਅਧੀਨ ਟਰੇਡਾਂ, ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਦਾ ਆਨ-ਲਾਇਨ ਦਾਖਲਾ ਕੀਤਾ ਗਿਆ ਹੈ ਅਤੇ ਐਡਵਾਂਸ ਮਡੀਊਲ (ਛੇ ਮਹੀਨੇ ਦੇ ਕੋਰਸ) ਦਾ ਡਾਇਰੈਕਟਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਵੱਲੋਂ ਦਾਖਲਾ ਕੀਤਾ ਗਿਆ ਹੈ। ਉਹਨਾਂ ਦੇ ਨਿਰਧਾਰਤ ਤਰੀਕੇ(ਸਿਖਿਆਰਥੀਆਂ ਦੀ Albhabetically ਟਰੇਡ ਵਾਈਜ ਤਸਦੀਕ ਸ਼ੁਦਾ ਲਿਸਟਾਂ + ਆਨ ਲਾਇਨ ਪ੍ਰੋਸੈਸਿੰਗ ਫੀਸ +ਰਜਿਸਟਰੇਸ਼ਨ ਫੀਸ + ਰਜਿਸਟਰੇਸ਼ਨ ਫਾਰਮ ਫੀਸ) ਰਾਹੀਂ ਹੇਠ ਦਰਸਾਏ ਗਏ ਵੇਰਵੇ ਅਨੁਸਾਰ ਰਜਿਸਟਰੇਸ਼ਨ ਲਈ ਫਾਰਮ ਜਮਾਂ ਕਰਵਾਏ ਜਾਣ:

| ਲੜੀ ਨੰ. | ਜਿਲਾ ਅਧੀਨ ਸੰਸਥਾਵਾਂ | ਮਿਤੀ | ਆਨ ਲਾਇਨ ਫੀਸ, ਰਜਿਸਟਰੇਸ਼ਨ ਫੀਸ ਅਤੇ ਰਜਿਸਟਰੇਸ਼ਨ ਫਾਰਮ ਦੀ ਫੀਸ | ਨਿਰਧਾਰਿਤ ਮਿਤੀ ਤੋਂ ਇੱਕ ਮਹੀਨੇ ਤੱਕ ਲੇਟ ਫੀਸ |
|---|---|---|---|---|
| 1. | ਪਟਿਆਲਾ, ਤਰਨਤਾਰਨ, ਫਿਰੋਜ਼ਪੁਰ, ਮੁਹਾਲੀ, ਗੁਰਦਾਸਪੁਰ ਲੁਧਿਆਣਾ | 13-11-2014 | 100/- + **100/- + 50/- ਰੁਪਏ = ਕੁਲ 250/- ਰੁਪਏ (ਪ੍ਰਤੀ ਸਿਖਿਆਰਥੀ)** | 1000/- ਰੁਪਏ ਪ੍ਰਤੀ ਸਿਖਿਆਰਥੀ (26.11.2014) |
| 2. | ਮੋਗਾ, ਸੰਗਰੂਰ, ਫਾਜ਼ਿਲਕਾ, ਜਲੰਧਰ, ਮੁਕਤਸਰ, ਬਠਿੰਡਾ | 14-11-2014 | | |
| 3. | ਮਾਨਸਾ, ਫਰੀਦਕੋਟ, ਬਰਨਾਲਾ, ਹੁਸ਼ਿਆਰਪੁਰ, ਪਠਾਨਕੋਟ, ਕਪੂਰਥਲਾ | 17-11-2014 | | |
| 4. | ਰੋਪੜ, ਨਵਾਂ ਸ਼ਹਿਰ, ਪਠਾਨਕੋਟ, ਕਪੂਰਥਲਾ | 18-11-2014 | | |
| 5. | ਅੰਮ੍ਰਿਤਸਰ ,ਫਤਿਹਗੜ੍ਹ ਸਾਹਿਬ | 19-11-2014 | | |

ਜਿਹਨਾਂ ਟਰੇਡਾਂ/ਕੋਰਸਾਂ ਦਾ ਆਨ-ਲਾਈਨ ਦਾਖਲਾ ਨਹੀਂ ਕੀਤਾ ਗਿਆ ਹੈ, ਉਹਨਾਂ ਸਿਖਿਆਰਥੀਆਂ ਦੀਆਂ ਡਾਇਰੈਕਟੋਰੇਟ ਤੋਂ ਵੈਰੀਫਾਈਡ ਲਿਸਟਾਂ ਵੀ ਜਮਾਂ ਕਰਵਾਈਆਂ ਜਾਣੀਆਂ ਹਨ। ਮਿਤੀ 26-11-2014 ਤੋਂ ਬਾਅਦ ਕੋਈ ਵੀ ਕੇਸ ਰਜਿਸਟਰੇਸ਼ਨ ਲਈ ਵਿਚਾਰਿਆ ਨਹੀਂ ਜਾਵੇਗਾ। ਲੇਟ ਸਿਖਿਆਰਥੀ/ਸੰਸਥਾ ਰਜਿਸਟਰੇਸ਼ਨ ਲੇਟ ਫੀਸ ਨਾਲ ਤਾਂ ਹੀ ਕਰਵਾ ਸਕਦੀ ਹੈ ਬਸ਼ਰਤੇ ਉਸ ਸਿਖਿਆਰਥੀ ਦਾ ਨਾਮ ਸੰਸਥਾ ਦੁਆਰਾ ਡੀ.ਟੀ.ਈ ਅਤੇ ਆਈ.ਟੀ ਪੰਜਾਬ ਤੋਂ ਪ੍ਰਵਾਨਤ ਕਰਵਾਈ ਗਈ ਲਿਸਟ ਵਿੱਚ ਦਰਜ ਹੋਵੇ।

ਨੋਟ: ੳ. ਹਰ ਸੰਸਥਾ ਆਪਣਾ ਡੀ.ਜੀ.ਈ ਅਤੇ ਟੀ ਨਵੀਂ ਦਿੱਲੀ ਦਾ ਐਫੀਲੀਏਸ਼ਨ ਰਿਕਾਰਡ ਨਾਲ ਨੱਥੀ ਕਰਕੇ ਭੇਜੇ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ। ਇਸ ਤੋਂ ਬਿਨਾਂ ਫਾਰਮ ਜਮਾਂ ਨਹੀਂ ਕੀਤੇ ਜਾਣਗੇ।

ਅ. ਸਿਖਿਆਰਥੀ ਦੇ ਪ੍ਰੀ ਰਜਿਸਟਰੇਸ਼ਨ ਫਾਰਮ ਤੇ ਪ੍ਰਿੰਸੀਪਲ ਵੱਲੋਂ ਤਸਦੀਕ ਸ਼ੁਦਾ ਫੋਟੋ ਲਗਾਈ ਜਾਵੇ ਅਤੇ ਐਡਮੀਸ਼ਨ ਲਿਸਟ ਅਨੁਸਾਰ ਕ੍ਰਮਵਾਰ ਲਗਾ ਕੇ ਜਮਾਂ ਕਰਵਾਈ ਜਾਵੇ।

ੲ. ਮੈਨੂਅਲ ਦਾਖਲ ਕੀਤੇ ਸਿਖਿਆਰਥੀਆਂ ਦੀ ਕ੍ਰਮਵਾਰ ਸਾਰੀ ਡੀਟੇਲ, ਓ.ਐਮ.ਆਰ ਰਜਿਸਟਰੇਸ਼ਨ ਫਾਰਮ ਭਰ ਕੇ ਜਮਾਂ ਕਰਵਾਏ ਜਾਣ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:
1. ਡਾਇਰੈਕਟਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ
2. ਕੰਟਰੋਲਰ (ਵਿੱਤ ਅਤੇ ਲੇਖਾ) ਤਕਨੀਕੀ ਸਿਖਿਆ ਬੋਰਡ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)